**ਸ਼ਰਤਾਂ ਅਤੇ ਨਿਯਮ:**

- ਉਮੀਦਵਾਰ ਸਿਰਫ਼ https://sswcd.punjab.gov.in/ ਉੱਤੇ ਮਿਤੀ 09/04/2026 (ਸਵੇਰੇ 9 ਵਜੇ) ਉਪਲਬਧ **ਆਨਲਾਈਨ ਬਿਨੈ-ਪੱਤਰ** ਰਾਹੀਂ ਹੀ ਅਪਲਾਈ ਕਰ ਸਕਦਾ ਹੈ। ਅਪਲਾਈ ਕਰਨ ਦੀ ਆਖਰੀ ਮਿਤੀ 08-05-2026 ਸਮਾ ਸ਼ਾਮ 5 ਵਜੇ ਤੱਕ ਹੈ।
- ਕਿਸੇ ਵੀ ਹੋਰ ਤਰੀਕੇ ਨਾਲ ਆਫਲਾਈਨ ਜਾਂ ਆਨਲਾਈਨ ਵਿਧੀ ਰਾਹੀਂ ਭੇਜੀ ਗਈ ਅਰਜ਼ੀ ਸਵੀਕਾਰ ਨਹੀਂ ਕੀਤੀ ਜਾਵੇਗੀ।
- ਆਨਲਾਈਨ ਫਾਰਮ ਧਿਆਨ ਨਾਲ ਭਰਿਆ ਜਾਵੇ ਅਤੇ ਜਮ੍ਹਾ ਕਰਨ ਤੋਂ ਪਹਿਲਾਂ ਸਾਰੇ ਵੇਰਵਿਆਂ ਦੀ ਚੰਗੀ ਤਰ੍ਹਾਂ ਜਾਂਚ ਕਰਨੀ ਯਕੀਨੀ ਬਣਾਈ ਜਾਵੇ। ਉਮੀਦਵਾਰ ਵੱਲੋਂ ਭਰੀ ਗਈ ਕਿਸੇ ਵੀ ਗਲਤ ਜਾਣਕਾਰੀ ਲਈ ਵਿਭਾਗ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ।
- ਅਪਲਾਈ ਕਰਨ ਤੋਂ ਪਹਿਲਾਂ, ਉਮੀਦਵਾਰ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਇਸ਼ਤਿਹਾਰ ਵਿੱਚ ਦਿੱਤੀਆਂ ਸਾਰੀਆ **ਯੋਗਤਾਵਾਂ ਅਤੇ ਸ਼ਰਤਾਂ** ਪੂਰੀਆਂ ਕਰਦਾ ਹੋਵੇ।
- ਉਮੀਦਵਾਰਾਂ ਵਲੋਂ ਦਸਵੀਂ ਪੱਧਰ ਤੇ ਜਾਂ ਭਾਸ਼ਾ ਵਿਭਾਗ, ਪੰਜਾਬ ਵਲੋਂ ਇਸ ਦੇ ਬਰਾਬਰ ਆਯੋਜਿਤ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਣਾ ਲਾਜ਼ਮੀ ਹੈ।
- ਇਨ੍ਹਾਂ ਅਸਾਮੀਆਂ ਦੀ ਭਰਤੀ ਲਈ ਉਮਰ ਮਿਤੀ 01.01.2026 ਨੂੰ 21 ਤੋਂ 37 ਸਾਲ ਹੋਵੇਗੀ। ਵਰਗਾਂ ਲਈ ਉਮਰ ਦੀ ਛੋਟ ਸਬੰਧੀ ਸ਼ਰਤਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਗੂ ਹੋਣਗੀਆਂ।
- ਉਮੀਦਵਾਰਾਂ ਇਨ੍ਹਾਂ ਅਸਾਮੀਆਂ ਲਈ ਆਨ ਲਾਈਨ ਅਪਲਾਈ ਕਰਨ ਸਮੇਂ ਭਰਵਾਈ ਜਾਣ ਵਾਲੀ ਪ੍ਰਤੀ ਐਪਲੀਕੇਸ਼ਨ ਫੀਸ ਕੇਵਲ ਆਨਲਾਈਨ ਮਾਧਿਅਮ ਰਾਹੀਂ ਹੀ ਜਮ੍ਹਾ ਕਰਵਾਉਣਗੇ, ਕਿਸੇ ਹੋਰ ਮਾਧਿਅਮ ਰਾਹੀਂ ਜਮ੍ਹਾ ਕਰਵਾਈ ਗਈ ਫੀਸ ਵਿਚਾਰੀ ਨਹੀਂ ਜਾਵੇਗੀ।
- ਅਪਲਾਈ ਕਰਨ ਸਮੇਂ ਪ੍ਰਤੀ ਐਪਲੀਕੇਸ਼ਨ ਕੈਟਾਗਿਰੀ ਵਾਈਜ਼ ਭਰਵਾਈ ਜਾਣ ਵਾਲੀ ਫੀਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| Name of the Category | Total Fees |
|---|---|
| For General Category and other categories | Rs. 800/- |
| For Scheduled Castes, Backward Classes, Ex-Serviceman (ESM), Persons with Disabilities (PWD), Economically Weaker Sections (EWS) | Rs. 400/- |

- ਜਿਲ੍ਹਾ ਅਤੇ ਬਲਾਕ ਕੋਆਰਡੀਨੇਟਰ ਦੀ ਅਸਾਮੀ ਲਈ ਅਪਲਾਈ ਕਰਨ ਲਈ ਬਿਨੈਕਾਰ ਸਬੰਧਤ ਜਿਲ੍ਹੇ ਦਾ **ਵਸਨੀਕ** ਹੋਣਾ ਲਾਜ਼ਮੀ ਹੈ।
- ਉਮਰ, ਵਿਦਿਅਕ ਯੋਗਤਾ ਅਤੇ ਕੰਮ ਦੇ ਤਜਰਬੇ ਦੀ ਯੋਗਤਾ ਨਿਰਧਾਰਤ ਕਰਨ ਦੀ ਮਿਤੀ ਅਰਜ਼ੀ ਜਮ੍ਹਾ ਕਰਨ ਦੀ **ਆਖਰੀ ਮਿਤੀ** ਹੋਵੇਗੀ।
- ਜੇਕਰ ਉਮੀਦਵਾਰ ਕੋਲ ਇੱਕ ਤੋਂ ਵੱਧ ਪੋਸਟ ਗ੍ਰੈਜੂਏਟ ਡਿਗਰੀਆਂ ਹਨ ਤਾਂ ਸਭ ਤੋਂ ਵੱਧ ਅੰਕਾਂ ਵਾਲੀ ਡਿਗਰੀ ਦੀ ਸੂਚਨਾ ਭਰੀ ਜਾਵੇ।
- ਫਾਈਨਲ ਸਬਮਿਸ਼ਨ ਤੋਂ ਬਾਅਦ ਬਿਨੈ-ਪੱਤਰ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।
- ਦਸਤਾਵੇਜ਼ **PDF ਫਾਰਮੈਟ** ਵਿੱਚ ਅਪਲੋਡ ਕੀਤੇ ਜਾਣੇ ਲਾਜ਼ਮੀ ਹਨ ਅਤੇ ਸਾਫ਼ ਪੜ੍ਹਨਯੋਗ ਹੋਣੇ ਚਾਹੀਦੇ ਹਨ।
- ਬਿਨੈਕਾਰ ਵਲੋਂ ਆਪਣੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਅਪਲੋਡ ਕੀਤੀ ਜਾਵੇ।
- ਫਾਰਮ ਸਫਲਤਾਪੂਰਵਕ ਜਮ੍ਹਾ ਕਰਨ ਤੋਂ ਬਾਅਦ, ਉਮੀਦਵਾਰ ਵਲੋਂ ਭਵਿੱਖ ਦੇ ਹਵਾਲੇ ਲਈ ਫਾਰਮ ਦਾ **ਪ੍ਰਿੰਟ ਆਊਟ** ਲੈਣਾ ਲਾਜ਼ਮੀ ਹੈ।
- ਹਰੇਕ ਸਫਲ ਬਿਨੈ-ਪੱਤਰ ਨੂੰ ਇੱਕ ਵੱਖਰੀ **ਐਪਲੀਕੇਸ਼ਨ ਆਈ.ਡੀ. (Application ID)** ਦਿੱਤੀ ਜਾਵੇਗੀ। ਭਵਿੱਖ ਵਿੱਚ ਸਾਰਾ ਰਾਬਤਾ ਇਸ ਆਈ.ਡੀ. ਰਾਹੀਂ ਹੀ ਹੋਵੇਗਾ।

- ਸ਼ਾਰਟਲਿਸਟ ਕੀਤੇ ਉਮੀਦਵਾਰਾਂ ਨੂੰ ਇੰਟਰਵਿਊ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਮੈਸੇਜ ਅਤੇ ਈ-ਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ। ਇਸ ਲਈ ਸਹੀ ਮੋਬਾਈਲ ਨੰਬਰ ਅਤੇ ਈ-ਮੇਲ ਦੇਣਾ ਲਾਜ਼ਮੀ ਹੈ।
- ਇਹ ਅਸਾਮੀ **ਠੇਕੇ (Contract)** ਦੇ ਅਧਾਰ 'ਤੇ ਹਨ। ਬਹੁਤ ਜ਼ਿਆਦਾ ਅਰਜ਼ੀਆਂ ਆਉਣ ਦੀ ਸੂਰਤ ਵਿੱਚ, ਵਿਭਾਗ ਕੋਲ ਚੋਣਵੇਂ ਉਮੀਦਵਾਰਾਂ ਨੂੰ ਕੌਂਸਲਿੰਗ ਲਈ ਬੁਲਾਉਣ ਦਾ ਅਧਿਕਾਰ ਰਾਖਵਾਂ ਹੈ।
- ਕੌਂਸਲਿੰਗ ਵਿੱਚ ਸ਼ਾਮਲ ਹੋਣ ਲਈ ਕੋਈ **TA/DA (ਭੱਤਾ)** ਨਹੀਂ ਦਿੱਤਾ ਜਾਵੇਗਾ।
- ਉਮੀਦਵਾਰਾਂ ਵਲੋਂ ਕੌਂਸਲਿੰਗ ਸਮੇਂ ਰਿਪੋਰਟਿੰਗ ਸਮੇਂ ਤੋਂ 1 ਘੰਟਾ ਪਹਿਲਾਂ ਪਹੁੰਚਣਾਂ ਲਾਜ਼ਮੀ ਹੋਵੇਗਾ।
- ਉਮੀਦਵਾਰ ਵਲੋਂ ਕੌਂਸਲਿੰਗ ਸਮੇਂ ਵਿੱਦਿਅਕ ਯੋਗਤਾ, ਤਜ਼ਰਬੇ, ਉਮਰ, ਰਹਾਇਸ਼, ਰਾਖਵੇਂਕਰਨ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਕਰਨੇ ਲਾਜ਼ਮੀ ਹੋਣਗੇ।
- ਭਰਤੀ ਪ੍ਰਕਿਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹਰ ਤਰ੍ਹਾਂ ਦੀ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਵਿਭਾਗ ਦੀ ਵੈੱਬਸਾਈਟ https://sswcd.punjab.gov.in/ 'ਤੇ ਹੀ ਅਪਲੋਡ (upload) ਕੀਤੀ ਜਾਵੇਗੀ| ਇਸ ਲਈ ਜਦੋਂ ਤੱਕ ਭਰਤੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ ਕਿਸੇ ਵੀ ਸੂਚਨਾ/Updates ਲਈ ਵਿਭਾਗ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣ।
- ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।
- ਅਪਲਾਈ ਕਰਦੇ ਸਮੇਂ ਜੇਕਰ ਕੋਈ ਵੀ ਤਕਨੀਕੀ ਜਾਂ ਹੋਰ ਦਿੱਕਤ ਪੇਸ਼ ਆਉਂਦੀ ਹੈ ਤਾਂ ਬਿਨੈਕਾਰ recruitment.poshanpb@gmail.com ਈਮੇਲ ਆਈ.ਡੀ. ਰਾਹੀਂ ਵਿਭਾਗ ਨੂੰ ਸੰਪਰਕ ਕਰ ਸਕਦੇ ਹਨ।
- ਸਮਰੱਥ ਅਥਾਰਟੀ ਕੋਲ ਨਿਯੁਕਤੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਚੋਣ ਪ੍ਰਕਿਰਿਆ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।

**ਡਿਪਟੀ ਡਾਇਰੈਕਟਰ,**
**ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ**
**ਵਿਕਾਸ ਵਿਭਾਗ, ਪੰਜਾਬ**